École
Mino Pimatisiwin
School

140 Mira Gate
Winnipeg, MB R2V 5M7
Telephone: 204-946-0950
Email: minopimatisiwin@7oaks.org
www.7oaks.org/minopimatisiwin
Directrice/Principal: Crystal Hanson
Directrice adjointe/Vice Principal: Cheryl Deans

Dear Families,

At École Mino Pimatisiwin, the health, safety, and well-being of our students is a priority. We are writing to remind our school community that we are a **nut-aware school** and have students with life-threatening peanut and tree nut allergies.

To help reduce the risk of accidental exposure, we ask families to avoid sending foods that contain nuts. We also encourage students to wash their hands before and after eating and to avoid sharing food with others.

Some classrooms may require additional allergy precautions to support specific students. For example, if a classroom includes a student with a severe seafood allergy, a sign will be posted identifying it as a "Seafood-Aware Space." In these rooms, seafood-containing foods and products are not permitted, and staff, students, and visitors are expected to follow practices that help prevent cross-contamination, such as handwashing and cleaning surfaces after eating.

Additional allergy information specific to your child's classroom will be communicated directly by the classroom teacher. Signs posted beside classroom doors will also help remind staff, students, volunteers, and visitors of any allergy-related precautions in place.

We appreciate your partnership and support in helping us maintain a safe and inclusive school environment for all learners.

Thank you for your cooperation.



Nut-Aware Space

Please do <u>not</u> bring peanuts or tree nuts into the school due to life-threatening allergies.

École
Mino Pimatisiwin
School

140 Mira Gate
Winnipeg, MB R2V 5M7
Telephone: 204-946-0950
Email: minopimatisiwin@7oaks.org
www.7oaks.org/minopimatisiwin
Directrice/Principal: Crystal Hanson
Directrice adjointe/Vice Principal: Cheryl Deans

ਪਿਆਰੇ ਪਰਿਵਾਰੋ,

École Mino Pimatisiwin School ਵਿੱਚ ਸਾਡੇ ਵਿਦਿਆਰਥੀਆਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਸਾਡੀ ਪਹਿਲੀ ਤਰਜੀਹ ਹੈ। ਅਸੀਂ ਆਪਣੇ ਸਕੂਲ ਸਮੁਦਾਇ ਨੂੰ ਯਾਦ ਦਿਵਾਉਣ ਲਈ ਇਹ ਪੱਤਰ ਭੇਜ ਰਹੇ ਹਾਂ ਕਿ ਸਾਡਾ ਸਕੂਲ **ਨਟ-ਅਵੇਅਰ (Nut-Aware) ਸਕੂਲ** ਹੈ ਅਤੇ ਸਾਡੇ ਕੁਝ ਵਿਦਿਆਰਥੀਆਂ ਨੂੰ ਮੂੰਗਫਲੀ (Peanuts) ਅਤੇ ਹੋਰ ਦਰੱਖਤੀ ਸੁੱਕੇ ਮੇਵਿਆਂ (Tree Nuts) ਨਾਲ ਜਾਨ ਲਈ ਖ਼ਤਰਨਾਕ ਐਲਰਜੀ ਹੈ।

ਅਣਜਾਣੇ ਸੰਪਰਕ ਦੇ ਖਤਰੇ ਨੂੰ ਘਟਾਉਣ ਲਈ, ਅਸੀਂ ਪਰਿਵਾਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਬੱਚਿਆਂ ਨਾਲ ਅਜਿਹੀਆਂ ਖਾਣ ਵਾਲੀਆਂ ਚੀਜ਼ਾਂ ਸਕੂਲ ਨਾ ਭੇਜਣ ਜਿਨ੍ਹਾਂ ਵਿੱਚ ਨਟਸ ਸ਼ਾਮਲ ਹੋਣ। ਅਸੀਂ ਵਿਦਿਆਰਥੀਆਂ ਨੂੰ ਇਹ ਵੀ ਉਤਸ਼ਾਹਿਤ ਕਰਦੇ ਹਾਂ ਕਿ ਉਹ ਖਾਣ ਤੋਂ ਪਹਿਲਾਂ ਅਤੇ ਖਾਣ ਤੋਂ ਬਾਅਦ ਆਪਣੇ ਹੱਥ ਧੋਣ ਅਤੇ ਆਪਣੇ ਭੋਜਨ ਨੂੰ ਹੋਰਾਂ ਨਾਲ ਸਾਂਝਾ ਨਾ ਕਰਨ।

ਕੁਝ ਕਲਾਸਰੂਮਾਂ ਵਿੱਚ ਖਾਸ ਵਿਦਿਆਰਥੀਆਂ ਦੀ ਸੁਰੱਖਿਆ ਲਈ ਵਾਧੂ ਐਲਰਜੀ ਸੰਬੰਧੀ ਸਾਵਧਾਨੀਆਂ ਲਾਗੂ ਹੋ ਸਕਦੀਆਂ ਹਨ। ਉਦਾਹਰਨ ਲਈ, ਜੇ ਕਿਸੇ ਕਲਾਸ ਵਿੱਚ ਕਿਸੇ ਵਿਦਿਆਰਥੀ ਨੂੰ ਸਮੁੰਦਰੀ ਭੋਜਨ (Seafood) ਨਾਲ ਗੰਭੀਰ ਐਲਰਜੀ ਹੈ, ਤਾਂ ਉਸ ਕਲਾਸ ਦੇ ਬਾਹਰ "**ਸਮੁੰਦਰੀ ਭੋਜਨ ਪ੍ਰਤੀ ਸਚੇਤ ਖੇਤਰ**" ਦਾ ਸਾਈਨ ਲਗਾਇਆ ਜਾਵੇਗਾ। ਅਜਿਹੇ ਕਮਰਿਆਂ ਵਿੱਚ ਸਮੁੰਦਰੀ ਭੋਜਨ ਵਾਲੇ ਖਾਣੇ ਜਾਂ ਉਤਪਾਦ ਲਿਆਉਣ ਦੀ ਇਜਾਜ਼ਤ ਨਹੀਂ ਹੋਵੇਗੀ। ਸਟਾਫ, ਵਿਦਿਆਰਥੀਆਂ ਅਤੇ ਆਉਣ ਵਾਲੇ ਮਹਿਮਾਨਾਂ ਤੋਂ ਉਮੀਦ ਕੀਤੀ ਜਾਵੇਗੀ ਕਿ ਉਹ ਹੱਥ ਧੋਣ ਅਤੇ ਖਾਣ ਤੋਂ ਬਾਅਦ ਸਤ੍ਹਾਂ ਨੂੰ ਸਾਫ਼ ਕਰਨ ਵਰਗੀਆਂ ਪ੍ਰਥਾਵਾਂ ਦੀ ਪਾਲਣਾ ਕਰਨ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਸੰਪਰਕ ਰਾਹੀਂ ਐਲਰਜੀ ਦੇ ਖਤਰੇ ਨੂੰ ਰੋਕਿਆ ਜਾ ਸਕੇ।

ਤੁਹਾਡੇ ਬੱਚੇ ਦੀ ਕਲਾਸ ਨਾਲ ਸੰਬੰਧਿਤ ਵਾਧੂ ਐਲਰਜੀ ਜਾਣਕਾਰੀ ਕਲਾਸ ਅਧਿਆਪਕ ਵੱਲੋਂ ਤੁਹਾਨੂੰ ਸਿੱਧੇ ਤੌਰ 'ਤੇ ਦਿੱਤੀ ਜਾਵੇਗੀ। ਕਲਾਸਰੂਮ ਦੇ ਦਰਵਾਜ਼ਿਆਂ ਦੇ ਕੋਲ ਲਗੇ ਸੂਚਨਾ-ਚਿੰਨ੍ਹ (Signs) ਵੀ ਸਟਾਫ, ਵਿਦਿਆਰਥੀਆਂ, ਸੇਵਾਦਾਰਾਂ ਅਤੇ ਆਉਣ ਵਾਲੇ ਮਹਿਮਾਨਾਂ ਨੂੰ ਲਾਗੂ ਐਲਰਜੀ ਸਬੰਧੀ ਸਾਵਧਾਨੀਆਂ ਦੀ ਯਾਦ ਦਿਵਾਉਣ ਵਿੱਚ ਮਦਦ ਕਰਨਗੇ।

ਅਸੀਂ ਇੱਕ ਸੁਰੱਖਿਅਤ ਅਤੇ ਸਾਰਿਆਂ ਲਈ ਸਮਾਵੇਸ਼ੀ ਸਕੂਲੀ ਮਾਹੌਲ ਬਣਾਈ ਰੱਖਣ ਵਿੱਚ ਤੁਹਾਡੇ ਸਹਿਯੋਗ ਅਤੇ ਭਾਗੀਦਾਰੀ ਦੀ ਬਹੁਤ ਕਦਰ ਕਰਦੇ ਹਾਂ।

ਤੁਹਾਡੇ ਸਹਿਯੋਗ ਲਈ ਧੰਨਵਾਦ।



ਨਟ-ਸੁਰੱਖਿਆ ਖੇਤਰ

ਜਾਨ ਲਈ ਖ਼ਤਰਨਾਕ ਐਲਰਜੀਆਂ ਕਾਰਨ ਕਿਰਪਾ ਕਰਕੇ ਮੂੰਗਫਲੀ ਅਤੇ ਹੋਰ ਦਰੱਖਤੀ ਸੁੱਕੇ ਮੇਵੇ ਸਕੂਲ ਵਿੱਚ ਨਾ ਲਿਆਓ।